THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਪੀ.ਐਸ.ਬੀ./ਆਈ.ਟੀ/17/ 30 ਅਤਿ ਜ਼ਰੂਰੀ/ਸਮਾਂ ਬੱਧ ਮਿਤੀ:9.1.17.

ਸੇਵਾ ਵਿਖੇ,

ਪ੍ਰਿਸੀਪਲ,
ਪੰਜਾਬ ਰਾਜ ਅਧੀਨ
ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ,
ਐਨ.ਸੀ.ਵੀ.ਟੀ ਸਕੀਮ ਅਧੀਨ।

ਵਿਸ਼ਾ: **Final call for issuance of pending legacy NTC's through NCVT MIS-Potral.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਪੱਤਰ ਨੰ: MSDE No.18012/9/2009-TTC(Pt.) ਮਿਤੀ 06-01-2017 ਰਾਂਹੀ ਹਦਾਇਤ ਜਾਰੀ ਕੀਤੀ ਗਈ ਹੈ ਕਿ ਜਿੰਨਾਂ ਵੀ ਸੰਸਥਾਵਾਂ ਦੇ ਸਿਖਿਆਰਥੀਆਂ (ਜੋ ਕਿ ਐਮ.ਆਈ.ਐੱਸ ਪੋਰਟਲ ਉੱਤੇ ਰਜਿਸਟਰਡ ਨਹੀਂ ਹਨ) ਦੇ ਐਨ.ਟੀ.ਸੀ ਪੈਡਿੰਗ ਹਨ, ਉਹਨਾਂ ਦਾ ਡਾਟਾ ਡੀ.ਜੀ.ਟੀ, ਨਵੀਂ ਦਿੱਲੀ ਨੂੰ ਭੇਜਿਆ ਜਾਵੇ ਤਾਂ ਜੋ ਸਿਖਿਆਰਥੀਆਂ ਨੂੰ ਐਨ.ਟੀ.ਸੀ ਜਾਰੀ ਕੀਤੇ ਜਾ ਸਕਣ। ਇੱਥੇ ਇਹ ਖਾਸ ਦੱਸਣਯੋਗ ਹੈ ਕਿ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਆਖਰੀ ਵਾਰ ਪੈਡਿੰਗ ਰਹਿੰਦੇ ਐਨ.ਟੀ.ਸੀ ਸਰਟੀਫਿਕੇਟ ਜਾਰੀ ਕੀਤੇ ਜਾ ਰਹੇ ਹਨ। ਇਸ ਤੋਂ ਬਾਅਦ ਕਿਸੇ ਵੀ ਸੰਸਥਾ ਨੂੰ ਕੋਈ ਵੀ ਐਨ.ਟੀ.ਸੀ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਵੇਗਾ।

ਉਪਰੋਕਤ ਅਨੁਸਾਰ ਡਾਟਾ/ਸੂਚਨਾ ਭੇਜਣ ਵੇਲੇ ਹੇਠ ਦਰਸਾਏ ਅਨੁਸਾਰ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ:-

1. ਪੈਡਿੰਗ ਐਨ.ਟੀ.ਸੀ ਸਬੰਧੀ ਮੰਗਿਆ ਗਿਆ ਡਾਟਾ/ਸੂਚਨਾ ਕੇਵਲ ਨਿਰਧਾਰਿਤ Template (download from link) ਵਿੱਚ ਹੀ ਭਰ ਕੇ ਭੇਜਿਆ ਜਾਵੇ। ਸੰਸਥਾ ਦੁਆਰਾ ਡਾਟਾ ਸੀ.ਡੀ/ਡੀ.ਵੀ.ਡੀ ਅਤੇ ਹਾਰਡ ਕਾਪੀ ਦੇ ਰੂਪ ਵਿੱਚ ਬੋਰਡ ਦਫਤਰ ਵਿਖੇ ਮਿਤੀ 23-01-2017 ਤੱਕ ਹਰ ਹਾਲਤ ਵਿੱਚ ਪੁੱਜਦਾ ਕਰਨਾ ਯਕੀਨੀ ਬਣਾਇਆ ਜਾਵੇ। ਜਿੰਨਾਂ ਸਿਖਿਆਰਥੀਆਂ ਦੇ ਸਰਟੀਫਿਕੇਟ ਵਿੱਚ ਕਿਸੇ ਪ੍ਰਕਾਰ ਦੀ ਸੋਧ ਕਰਵਾਈ ਜਾਣੀ ਹੈ , ਉਹਨਾਂ ਦਾ ਡਾਟਾ ਕੁਰੈਕਸ਼ਨ ਵਾਲੇ Template ਵਿੱਚ ਹੀ ਭੇਜਿਆ ਜਾਵੇ। ਕੰਨਵੈਨਸ਼ਨਲ ਵਾਲੇ ਸਿਖਿਆਰਥੀਆਂ ਦਾ ਡਾਟਾ ਅਤੇ ਸਮੈਸਟਰ ਵਾਲੇ ਸਿਖਿਆਰਥੀਆਂ ਡਾਟਾ ਅਲੱਗ ਅਲੱਗ Template (download from link) ਵਿੱਚ ਭਰ ਕੇ ਭੇਜਿਆ ਜਾਵੇ।

2. ਨਿਰਧਾਰਿਤ ਫਾਰਮੇਟ ਵਿੱਚ ਟਰੇਡ ਕੋਡ ਦਾ ਕਾਲਮ ਕੇਵਲ ਟਰੇਡ ਕੋਡਾਂ ਦੀ updated consolidated list ਅਨੁਸਾਰ ਹੀ ਭਰਿਆ ਜਾਵੇ। ਇਸ ਤੋਂ ਇਲਾਵਾ ਨਿਰਧਾਰਿਤ ਟੈਂਪਲੇਟ ਦੇ ਬਾਕੀ ਕਾਲਮ ਵੀ ਡੀ.ਜੀ.ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਮੁਤਾਬਿਕ ਹੀ ਭਰਨੇ ਯਕੀਨੀ ਬਣਾਏ ਜਾਣ।
3. ਉਪਰੋਕਤ ਤੋਂ ਇਲਾਵਾ ਸੰਸਥਾ ਦੁਆਰਾ ਪ੍ਰਿੰਸੀਪਲ ਤੋਂ ਤਸਦੀਕਸ਼ੁਦਾ ਅੰਡਰਟੇਕਿੰਗ (ਪ੍ਰਿੰਸੀਪਲ ਦੀ ਸਟੈਂਪ ਸਮੇਤ) ਮਿਤੀ ਸਮੇਤ ਭਰ ਕੇ ਅਤੇ ਪੱਤਰ ਨਾਲ ਨੱਥੀ ਕਰਕੇ ਭੇਜਣੀ ਯਕੀਨੀ ਬਣਾਈ ਜਾਵੇ।
4. ਮੰਗੀ ਗਈ ਸੂਚਨਾ ਭੇਜਣ ਵੇਲੇ ਸੰਸਥਾ ਦਾ ਈਮੇਲ ਅਡਰੈਸ, ਪ੍ਰਿੰਸੀਪਲ ਦਾ ਮੋਬਾਈਲ ਨੰਬਰ , ਸਬੰਧਤ ਕਲਰਕ/ਸਟਾਫ ਮੈਂਬਰ ਦਾ ਮੋਬਾਈਲ ਨੰਬਰ ਪੱਤਰ ਉੱਤੇ ਦਰਸਾਉਣਾ ਯਕੀਨੀ ਬਣਾਇਆ ਜਾਵੇ।

ਕਿਉਂ ਜੋ ਐਨ.ਟੀ.ਸੀ ਜਾਰੀ ਕਰਨ ਸਬੰਧੀ ਇਹ ਇੱਕ ਆਖਰੀ ਮੌਕਾ ਹੈ, ਇਸ ਲਈ ਜੇਕਰ ਕਿਸੇ ਸੰਸਥਾ ਦੁਆਰਾ ਮਿਤੀ 23-01-2017 ਤੱਕ ਮੰਗੀ ਗਈ ਸੂਚਨਾ/ਡਾਟਾ ਬੋਰਡ ਦਫਤਰ ਵਿਖੇ ਪੁੱਜਦਾ ਨਹੀਂ ਕੀਤਾ ਜਾਂਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਜੀ ਦੀ ਸੰਸਥਾ ਦੇ ਕਿਸੇ ਵੀ ਸਿਖਿਆਰਥੀ ਦਾ ਸਰਟੀਫਿਕੇਟ ਪੈਂਡਿੰਗ ਨਹੀਂ ਹੈ। ਇਸ ਤੋਂ ਇਲਾਵਾ ਜੇਕਰ ਨਿਰਧਾਰਿਤ ਡਾਟਾ/ਸੂਚਨਾ ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੁੰਦਾ ਹੈ ਤਾਂ ਬੋਰਡ ਦਫਤਰ ਦੁਆਰਾ ਇਸ ਸਬੰਧੀ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਇਸ ਸਬੰਧੀ ਸਮੁੱਚੀ ਜਿੰਮੇਵਾਰੀ ਸੰਸਥਾ ਦੇ ਮੁਖੀ ਦੀ ਹੀ ਹੋਵੇਗੀ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:
1. ਪੀ.ਏ/ਸਕੱਤਰ
2. ਸੀਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ